GP PATIENT SURVEY

NHS England

ਸਰਵੇਖਣਨੰਬਰ :1234567890

2 ਜਨਵਰੀ 2018

## NHS ਦੀ ਮਦਦ ਕਰਨ ਦਾ ਤੁਹਾਡਾ ਮੌਕਾ

ਮੈਂ ਤੁਹਾਨੂੰ GP ਮਰੀਜ਼ ਸਰਵੇਖਣਵਿੱਚ ਭਾਗ ਲੈਣ ਲਈ ਪੁੱਛਣ ਵਾਸਤੇ ਲਿਖ ਰਹੀ ਹਾਂ। ਇਸ ਸਰਵੇਖਣ ਨੂੰ NHS England ਦੀ ਤਰਫ਼ੋਂ Ipsos MORI ਵੱਲੋਂ ਕੀਤਾ ਜਾ ਰਿਹਾ ਹੈ ਅਤੇ ਹਰ ਸਾਲ ਲਗਭਗ1 ਮਿਲੀਅਨ ਲੋਕ ਸਰਵੇਖਣਵਿੱਚ ਭਾਗ ਲੈਣ ਦੁਆਰਾ ਸਾਡੀ ਮਦਦ ਕਰਦੇ ਹਨ।

## ਤੁਹਾਡੇ ਖੇਤਰ ਵਿੱਚ GP ਅਤੇ ਸਿਹਤ **ਸੇਵਾਵਾਂ** ਵਿੱਚ ਸੁਧਾਰ ਕਰਨਾ

ਕਿਰਪਾ ਕਰਕੇ ਨਾਲ ਨੱਥੀ **ਪ੍ਰਸ਼ਨਾਵਲੀ** ਨੂੰ ਭਰਨ ਦੁਆਰਾ ਸਰਵੇਖਣ ਵਿੱਚ ਭਾਗ ਲਓ। ਇਹ ਤੁਹਾਡੀ GP ਸਰਜਰੀ ਅਤੇ ਹੋਰ ਸਥਾਨਕ NHS ਸੇਵਾਵਾਂ ਦੇ ਤੁਹਾਡੇ ਤਜ਼ਰਬਿਆਂ ਬਾਰੇ ਪੁੱਛਦਾ ਹੈ, ਅਤੇ ਇਸ ਵਿੱਚ ਤੁਹਾਡੇ ਬਾਰੇ ਅਤੇ ਤੁਹਾਡੀ ਆਮ ਸਿਹਤ ਬਾਰੇ ਸਵਾਲ ਸ਼ਾਮਲ ਹਨ। ਜੋ ਜਵਾਬ ਅਸੀਂ ਵਾਪਸ ਹਾਸਲ ਕਰਦੇ ਹਾਂ, ਉਹ NHS ਨੂੰ ਤੁਹਾਡੇ ਵਰਗੇ ਲੋਕਾਂ ਅਤੇ ਤੁਹਾਡੇ ਪਰਿਵਾਰ ਵਾਸਤੇ ਸਥਾਨਕ ਸਿਹਤ ਸੇਵਾਵਾਂ ਵਿੱਚ ਸੁਧਾਰ ਕਰਨ ਵਿੱਚ ਮਦਦ ਕਰਦੇ ਹਨ। ਚਾਹੇ ਤੁਸੀਂ ਹਾਲੀਆ ਸਮੇਂ ਵਿੱਚ ਆਪਣੀ GP ਸਰਜਰੀ ਵਿਖੇ ਨਹੀਂ ਵੀ ਗਏ, ਜਾਂ ਜੇ ਤੁਸੀਂ ਪਹਿਲਾਂ ਵੀ ਕੋਈ ਪ੍ਰਸ਼ਨਾਵਲੀ ਭਰੀ ਹੈ, ਤਾਂ ਵੀ ਇਹ ਸੱਚਮੁੱਚ ਮਹੱਤਵਪੂਰਨ ਹੈ ਕਿ ਅਸੀਂ ਤੁਹਾਡੇ ਵਿਚਾਰ ਸੁਣੀਏ।

ਪ੍ਰਸ਼ਨਾਵਲੀ ਨੂੰ ਭਰਨ ਵਾਸਤੇ ਤੁਹਾਨੂੰ 15 **ਮਿੰਟਾਂ ਤੋਂ** ਘੱਟ **ਸਮਾਂ** ਲੱਗੇਗਾ ਅਤੇ ਤੁਸੀਂ ਇਸਨੂੰ ਪ੍ਰਦਾਨ ਕੀਤੇ ਲਿਫਾਫੇ ਵਿੱਚ ਵਾਪਸ ਭੇਜ ਸਕਦੇ ਹੋ। ਤੁਹਾਨੂੰ ਕੋਈ ਟਿਕਟ ਲਾਉਣ ਦੀ ਲੋੜ ਨਹੀਂ ਹੈ। **ਪ੍ਰਸ਼ਨਾਵਲੀ** ਨੂੰ ਛੇਤੀ **ਤੋਂ** ਛੇਤੀ ਵਾਪਸ ਭੇਜਕੇ **ਤੁਸੀਂ** NHS England ਵਿਖੇ ਪੈਸੇ ਦੀ ਬੱਚਤ ਕਰਨ ਵਿੱਚ ਸਾਡੀ ਮਦਦ ਕਰ ਸਕਦੇ ਹੋ – ਇਸ ਤਰ੍ਹਾਂ ਨਾਲ ਸਾਨੂੰ ਤੁਹਾਨੂੰ ਕੋਈ ਯਾਦ-ਦਹਾਨੀਆਂ ਨਹੀਂ ਭੇਜਣੀਆਂ ਪੈਣਗੀਆਂ।

## ਤੁਹਾਡੀ ਜਾਣਕਾਰੀ ਨਾਲ ਗੁਪਤ **ਵਜੋਂ** ਵਿਵਹਾਰ ਕੀਤਾ ਜਾਵੇਗਾ

ਅਗਲੇ ਪੰਨੇ ਉੱਤੇ ਸਰਵੇਖਣ ਅਤੇ ਗੁਪਤਤਾ ਬਾਰੇ ਵਧੇਰੇ ਜਾਣਕਾਰੀ ਦਿੱਤੀ ਗਈ ਹੈ। ਜੇ ਤੁਹਾਡੇ ਕੋਈ ਹੋਰ ਸਵਾਲ ਹਨ ਜਾਂ ਤੁਹਾਨੂੰ ਪ੍ਰਸ਼ਨਾਵਲੀ ਭਰਨ ਵਿੱਚ ਮਦਦ ਚਾਹੀਦੀ ਹੈ, ਤਾਂ www.gp-patient.co.uk 'ਤੇ ਜਾਓ ਜਿੱਥੇ ਤੁਸੀਂ ਸਰਵੇਖਣ ਨੂੰ ਔਨਲਾਈਨ ਵੀ ਭਰ ਸਕਦੇ ਹੋ, ਜਾਂ ਫਿਰ Ipsos MORI ਨੂੰ ਮੁਫ਼ਤ ਫ਼ੋਨ **0800 819 9144** ਤੇ ਕਾਲ ਕਰੋ (ਸੋਮਵਾਰ ਤੋਂ ਸ਼ੁੱਕਰਵਾਰ, ਸਵੇਰੇ 8 ਵਜੇ ਤੋਂ ਸ਼ਾਮ 9 ਵਜੇ; ਸ਼ਨੀਵਾਰ, ਸਵੇਰੇ 10 ਵਜੇ ਤੋਂ ਸ਼ਾਮ 5 ਵਜੇ)।

NHS ਦੀ ਮਦਦ ਕਰਨ ਲਈ ਆਪਣਾ ਕੁਝ ਸਮਾਂ ਦੇਣ ਵਾਸਤੇ ਤੁਹਾਡਾ ਬਹੁਤ-ਬਹੁਤ ਧੰਨਵਾਦ।

ਤਹਿ ਦਿਲੋਂ



Neil Churchill
Director of Patient Experience
NHS England

ਕਿਰਪਾ ਕਰਕੇ ਦੂਜੇ ਪਾਸੇ ਦੇਖੋ

## ਤੁਸੀਂ ਇਹ ਸਰਵੇਖਣ ਕਿਉਂ ਚਲਾ ਰਹੇ ਹੋ?

ਇਹ ਸਰਵੇਖਣ NHS ਦੀ ਮਦਦ GP ਸਰਜਰੀਆਂ ਅਤੇ ਹੋਰ ਸਥਾਨਕ NHS ਸੇਵਾਵਾਂ ਨੂੰ ਸੁਧਾਰਨ ਲਈ ਕਰੇਗਾ, ਤਾਂ ਜੋ ਉਹ ਬੇਹਤਰ ਤਰੀਕੇ ਵਿੱਚ ਤੁਹਾਡੀਆਂ ਜ਼ਰੂਰਤਾਂ ਨੂੰ ਪੂਰਾ ਕਰਨ। ਤੁਸੀਂ ਆਪਣੀਆਂ ਸਥਾਨਕ GP ਸਰਜਰੀਆਂ ਦੇ ਨਤੀਜਿਆਂ ਸਮੇਤ, ਪਿਛਲੇ ਸਰਵੇਖਣਾਂ ਤੋਂ ਸਾਰੇ ਨਤੀਜਿਆਂ ਨੂੰ **www.gp-patient.co.uk** ਵੈੱਬਸਾਈਟ 'ਤੇ ਜਾ ਕੇ ਦੇਖ ਸਕਦੇ ਹੋ।

## ਤੁਹਾਨੂੰ ਮੇਰਾ ਨਾਂ ਅਤੇ ਪਤਾ ਕਿਵੇਂ ਪਤਾ ਲੱਗਿਆ?

ਤੁਹਾਡਾ ਨਾਂ ਇੱਕ GP ਦੇ ਨਾਲ ਰਜਿਸਟਰ ਕੀਤੀ ਮਰੀਜ਼ਾਂ ਦੀ NHS ਸੂਚੀ ਵਿੱਚੋਂ ਬਗੈਰ ਕਿਸੇ ਤਰਤੀਬ ਨਾਲ ਚੁਣਿਆ ਗਿਆ ਸੀ। Ipsos MORI, NHS England ਦੀ ਖ਼ਾਤਿਰ ਤੁਹਾਨੂੰ ਇਹ ਸਵਾਲਨਾਮਾ ਭੇਜ ਰਹੇ ਹਨ। ਡੇਟਾ ਸੁਰੱਖਿਆ ਕਾਨੂੰਨ (Data Protection Act) 1998 ਦੇ ਤਹਿਤ, NHS England ਤੁਹਾਡੇ ਬਾਰੇ ਰੱਖੀ ਗਈ ਜਾਣਕਾਰੀ ਲਈ ਜ਼ਿੰਮੇਵਾਰ ਹੁੰਦੇ ਹਨ।

Ipsos MORI **ਤੁਹਾਡੇ ਸੰਪਰਕ ਵੇਰਵਿਆਂ ਨੂੰ ਗੁਪਤ ਰੱਖਣਗੇ** ਅਤੇ ਇਹਨਾਂ ਦੀ ਵਰਤੋਂ ਸਿਰਫ਼ ਤੁਹਾਨੂੰ ਇਹ ਸਵਾਲਨਾਮਾ ਭੇਜਣ ਲਈ ਕਰਨਗੇ। ਸਰਵੇਖਣ ਦੇ ਸਮਾਪਤ ਹੁੰਦਿਆਂ ਹੀ, Ipsos MORI ਤੁਹਾਡੇ ਸੰਪਰਕ ਸੰਪਰਕ ਵੇਰਵਿਆਂ ਨੂੰ ਨਸ਼ਟ ਕਰ ਦੇਣਗੇ। Ipsos MORI ਨੂੰ ਤੁਹਾਡੀ ਸਿਹਤ ਬਾਰੇ ਕੋਈ ਵੀ ਜਾਣਕਾਰੀ ਨਹੀਂ ਦਿੱਤੀ ਗਈ ਹੈ।

## ਮੇਰੇ ਜਵਾਬਾਂ ਦੇ ਨਾਲ ਕੀ ਹੁੰਦਾ ਹੈ?

ਤੁਹਾਡੇ ਜਵਾਬ ਹੋਰ ਲੋਕਾਂ ਤੋਂ ਮਿਲੇ ਜਵਾਬਾਂ ਦੇ ਨਾਲ ਇਕੱਠੇ ਰੱਖੇ ਜਾਂਦੇ ਹਨ ਅਤੇ ਤੁਹਾਡੇ ਨਾਂ, ਪਤੇ ਜਾਂ NHS ਨੰਬਰ ਦੇ ਨਾਲ ਜੋੜੇ ਨਹੀਂ ਜਾਂਦੇ। Ipsos MORI ਦੁਆਰਾ ਸਵਾਲਾਂ ਲਈ ਤੁਹਾਡੇ ਵਿਅਕਤੀਗਤ ਜਵਾਬ ਗੁਪਤ ਰੱਖੇ ਜਾਣਗੇ, ਅਤੇ NHS England ਦੇ ਕਰਮਚਾਰੀਆਂ ਅਤੇ ਖੋਜਕਰਤਾਵਾਂ ਦੁਆਰਾ ਮਨਜ਼ੂਰ ਕੀਤੇ ਜਾਣਗੇ। **ਕੋਈ ਵੀ ਵਿਅਕਤੀ ਛਾਪੇ ਗਏ ਕਿਸੇ ਵੀ ਨਤੀਜਿਆਂ ਵਿੱਚ ਤੁਹਾਡੀ ਪਛਾਣ ਕਰਨ ਦੇ ਯੋਗ ਨਹੀਂ ਹੋਵੇਗਾ**। ਵਧੇਰੀ ਜਾਣਕਾਰੀ ਲਈ, www.gp-patient.co.uk/faq/confidentiality 'ਤੇ ਜਾਓ।

## ਇਸ ਪੱਤਰ ਦੇ ਅਗਲੇ ਪਾਸੇ ਉੱਤੇ ਸਰਵੇਖਣ ਨੰਬਰ ਕਿਸ ਲਈ ਵਰਤਿਆ ਜਾਂਦਾ ਹੈ?

Ipsos MORI ਇਹ ਪਛਾਣ ਕਰਨ ਲਈ ਕਿ ਸਰਵੇਖਣ ਵੱਲ ਕਿਸ ਨੇ ਪ੍ਰਤੀਕਿਰਿਆ ਦਿਖਾਈ ਹੈ (ਇਸ ਲਈ, ਉਹ ਸਿਰਫ਼ ਪ੍ਰਤੀਕਿਰਿਆ ਨਾ ਦਿਖਾ ਚੁੱਕੇ ਲੋਕਾਂ ਨੂੰ ਰੀਮਾਈਂਡਰ ਪੱਤਰ ਭੇਜਦੇ ਹਨ) ਅਤੇ ਜਵਾਬਾਂ ਨੂੰ GP ਸਰਜਰੀਆਂ ਨਾਲ ਜੋੜਣ ਲਈ, ਸਰਵੇਖਣ ਨੰਬਰ ਦੀ ਵਰਤੋਂ ਕਰਦੇ ਹਨ। ਸਰਵੇਖਣ ਨੰਬਰ ਤੁਹਾਡੇ NHS ਨੰਬਰ ਨਾਲ ਜੁੜਿਆ ਹੋਇਆ ਨਹੀਂ ਹੈ। ਜੇ ਤੁਸੀਂ ਇਸ ਸਰਵੇਖਣ ਬਾਰੇ ਕੋਈ ਰੀਮਾਈਂਡਰ ਪ੍ਰਾਪਤ ਨਹੀਂ ਕਰਨਾ ਚਾਹੁੰਦੇ ਹੋ, ਤਾਂ ਕਿਰਪਾ ਕਰਕੇ ਇੱਕ ਖਾਲੀ ਸਵਾਲਨਾਮਾ ਵਾਪਿਸ ਭੇਜੋ ਜਾਂ Ipsos MORI ਦੇ ਨਾਲ ਫ੍ਰੀਫ਼ੋਨ **0800 819 9144** 'ਤੇ ਸੰਪਰਕ ਕਰੋ।

## ਕੀ ਸਵਾਲਨਾਮਾ ਭਰਣ ਵਿੱਚ ਕੋਈ ਮੇਰੀ ਮਦਦ ਕਰ ਸਕਦਾ ਹੈ?

ਹਾਂ, ਇਸ ਵਿੱਚ ਕੋਈ ਹਰਜ਼ ਨਹੀਂ। ਤੁਸੀਂ ਸਾਡੀ ਟੀਮ ਨਾਲ ਸੰਪਰਕ ਕਰ ਸਕਦੇ ਹੋ ਜਾਂ ਕਿਸੇ ਦੋਸਤ ਜਾਂ ਰਿਸ਼ਤੇਦਾਰ ਤੋਂ ਮਦਦ ਮੰਗ ਸਕਦੇ ਹੋ, ਪਰ ਕਿਰਪਾ ਕਰਕੇ ਯਕੀਨੀ ਬਣਾਓ ਕਿ ਜਵਾਬ ਸਿਰਫ਼ ਤੁਹਾਡੇ ਤਜਰਬਿਆਂ ਬਾਰੇ ਹੋਣ।

## ਜੇ ਤੁਹਾਨੂੰ ਸਵਾਲਨਾਮੇ ਦੀ ਇੱਕ ਨਕਲ ਸੌਖੇ ਪੜ੍ਹੇ ਜਾਣ ਵਾਲੇ, ਵੱਡੇ ਪ੍ਰਿੰਟ ਜਾਂ ਬਰੇਲ ਵਿੱਚ ਚਾਹੀਦੀ ਹਾਂ ਤਾ ਫ੍ਰੀਫ਼ੋਨ 0800 819 9144 'ਤੇ ਕਾਲ ਕਰੋ।